Roll No. ..................



Total No. of Questions : 27] [Total No. of Printed Pages : 8

SS

2087

ਸਲਾਨਾ ਪਰੀਖਿਆ ਪ੍ਰਨਾਲੀ

# MEDIA STUDIES

**(Humanities Group)**

**(Punjabi, Hindi and English Versions)**

**(Evening Session)**

Time allowed : Three hours Maximum marks : 70

## (Punjabi Version)

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ 150 ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਹਰੇਕ ਪ੍ਰਸ਼ਨ ਦੇ ਅੰਕ ਉਸਦੇ ਸਾਹਮਣੇ ਲਿਖੇ ਗਏ ਹਨ ।

(v) ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ ।

(vi) ਭਾਗ–III ਦੇ ਪ੍ਰਸ਼ਨ ਦਾ ਉੱਤਰ 200 ਸ਼ਬਦਾਂ ਤੱਕ ਹੀ ਹੋਵੇ ।

(vii) ਭਾਗ–IV ਦੇ ਹਰ ਇੱਕ ਪ੍ਰਸ਼ਨ ਦਾ ਉੱਤਰ ਘੱਟੋ-ਘੱਟ 300 ਸ਼ਬਦਾਂ ਵਿੱਚ ਹੋਵੇ । ਇਸ ਵਿੱਚ 100% ਅੰਦਰੂਨੀ ਚੋਣ ਦਿੱਤੀ ਗਈ ਹੈ ।

### ਭਾਗ–I

1×8=8

1. ਭਾਰਤ ਦੇ ਪਹਿਲੇ ਅਖ਼ਬਾਰ ਦਾ ਨਾਂ ਕੀ ਸੀ ? 1

2. ਕਿਸੇ ਪੰਜਾਬੀ ਨਾਵਲ 'ਤੇ ਆਧਾਰਤ ਬਣਾਈ ਗਈ ਫਿਲਮ ਦਾ ਨਾਂ ਲਿਖੋ । 1

3. ਹੇਠ ਲਿਖਿਆਂ ਵਿੱਚੋਂ ਕਿਹੜਾ ਤੱਤ, ਸੋਸ਼ਲ ਨੈਟੱਵਰਕਿੰਗ ਦਾ ਅੰਗ ਨਹੀਂ ਹੈ :
   (ੳ) ਟਵਿਟਰ (ਅ) ਮੋਜ਼ੀਲਾ ਫਾਇਰਫੋਕਸ (ੲ) ਫੇਸਬੁੱਕ (ਸ) ਇੰਸਟਾਗ੍ਰਾਮ 1

4. ਹੇਠ ਲਿਖਿਆਂ ਵਿੱਚੋਂ ਕਿਹੜਾ ਅਖ਼ਬਾਰ ਚੰਡੀਗੜ੍ਹ-ਮੁਹਾਲੀ ਤੋਂ ਪ੍ਰਕਾਸ਼ਿਤ ਨਹੀਂ ਹੁੰਦਾ :
   (ੳ) ਦਿ ਟ੍ਰਿਬਿਊਨ (ਅ) ਦੇਸ਼ ਸੇਵਕ (ੲ) ਪੰਜਾਬੀ ਜਾਗਰਣ (ਸ) ਡੇਲੀ ਪੋਸਟ 1

5. ਰੋਜ਼ਾਨਾ 'ਅਜੀਤ' ਦੇ ਮੁੱਖ ਸੰਪਾਦਕ ਦਾ ਨਾਂ ਲਿਖੋ । 1

6. ਭਾਰਤ ਵਿੱਚ ਰੰਗੀਨ ਟੀ. ਵੀ.. ਦੀ ਸ਼ੁਰੂਆਤ ਕਿਹੜੇ ਕੌਮਾਂਤਰੀ ਖੇਡ ਮੁਕਾਬਲਿਆਂ ਮੌਕੇ ਹੋਈ ? 1

7. ਹੇਠ ਦਿੱਤੇ ਨਾਮਾਂ ਵਿੱਚੋਂ ਕੌਣ ਸਿਆਸਤਦਾਨ ਨਹੀਂ ਹੈ :

(ੳ) ਸ਼ਰਮੀਲਾ ਟੈਗੋਰ (ਅ) ਹੇਮਾ ਮਾਲਿਨੀ (ੲ) ਭਾਨੂ ਰੇਖਾ (ਸ) ਜਯਾ ਪ੍ਰਦਾ 1

8. ਹੇਠ ਲਿਖਿਆਂ ਵਿੱਚੋਂ ਕਿਹੜਾ ਤੱਤ ਪ੍ਰਿੰਟ ਮੀਡੀਆ ਨਾਲ ਸਬੰਧਤ ਹੈ :

(ੳ) ਵੀ.ਓ. (ਅ) ਲੌਂਗ ਸ਼ੌਟ (ੲ) ਬਾਇਟ (ਸ) ਬਾਇ-ਲਾਈਨ 1

## ਭਾਗ–II

2×10=20

9. ਪੱਤਰਕਾਰੀ ਦੇ ਕਾਰਜ, ਵਿਸ਼ੇ ਨਾਲ ਸਬੰਧਤ ਕੋਈ ਦੋ ਫ਼ਿਲਮਾਂ ਦੇ ਨਾਂ ਲਿਖੋ । 2

10. ਫਲਾਂ ਦੇ ਨਾਂ 'ਤੇ ਆਧਾਰਤ ਕੋਈ ਦੋ ਪ੍ਰਸਿੱਧ ਸੇਲੱ ਫੋਨ ਕੰਪਨੀਆਂ ਦੇ ਨਾਂ ਲਿਖੋ । 2

11. ਕੋਈ ਦੋ ਅਖ਼ਬਾਰਾਂ ਦੇ ਨਾਂ ਲਿਖੋ ਜੋ ਭਾਰਤ 'ਚ ਪ੍ਰਕਾਸ਼ਿਤ ਨਾ ਹੁੰਦੇ ਹੋਣ । 2

12. ਅਜਿਹੇ ਦੋ ਪ੍ਰਚਲਤ ਪੰਜਾਬੀ ਟਾਈਪਿੰਗ ਫੌਂਟਸ ਦੇ ਨਾਂ ਦੱਸੋ ਜੋ ਪੰਜਾਬ ਦੇ ਦੋ ਦਰਿਆਵਾਂ ਦੇ ਨਾਮਾਂ ਉੱਤੇ ਰੱਖੇ ਗਏ ਹੋਣ । 2

13. ਨਾਵਲ 'ਪਿੰਜਰ' ਕਿਸਦੀ ਰਚਨਾ ਹੈ ? ਇਸੇ ਲੇਖਕ ਦੀ ਕਿਸੇ ਹੋਰ ਰਚਨਾ ਦਾ ਨਾਂ ਵੀ ਲਿਖੋ । 2

14. ਪੰਛੀਆਂ ਅਤੇ ਜੰਤੂਆਂ ਦੇ ਕੁਦਰਤੀ ਅਵਾਸਾਂ ਤੇ ਵਤੀਰਿਆਂ ਸਬੰਧੀ ਘੋਖਾ ਕਰਨ ਵਾਲੇ ਕਿਸੇ ਦੋ ਟੀ. ਵੀ. ਚੈਨਲਾਂ ਦੇ ਨਾਂ ਲਿਖੋ । 2

15. ਅਦਾਕਾਰ ਰਾਜ ਬੱਬਰ ਦੇ ਅਭਿਨੈ ਵਾਲੀਆਂ ਕਿਸੇ ਦੋ ਪੰਜਾਬੀ ਫ਼ਿਲਮਾਂ ਦੇ ਨਾਂ ਲਿਖੋ । 2

16. ਕੋਈ ਦੋ ਗ਼ੈਰ-ਭਾਰਤੀ ਖ਼ਬਰ ਏਜੰਸੀਆਂ ਦੇ ਨਾਂ ਲਿਖੋ । 2

17. I.I.M.C. ਅਤੇ P.T.I. ਸੰਸਥਾਵਾਂ ਦੇ ਪੂਰੇ-ਪੂਰੇ ਨਾਂ ਲਿਖੋ । 2

18. ਭਾਰਤੀ ਟੀ. ਵੀ. ਚੈਨਲਾਂ ਉੱਤੇ ਪ੍ਰਸਾਰਿਤ ਕੀਤੇ ਜਾਂਦੇ ਖ਼ਬਰਾਂ ਆਧਾਰਤ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਵਾਲੇ ਕੋਈ ਦੋ ਐਂਕਰਾਂ ਦੇ ਅਸਲ ਨਾਂ ਲਿਖੋ । 2

## ਭਾਗ–III

19 ਤੋਂ 24 ਤੱਕ-ਹੇਠ ਲਿਖਿਆ ਵਿੱਚੋਂ ਕੋਈ ਛੇ ਪ੍ਰਸ਼ਨ ਕਰੋ : 4×6=24

(i) ਅਜੋਕੇ ਗੀਤਾਂ ਦੇ, ਨੌਜਵਾਨਾਂ ਉੱਤੇ ਪੈਂਦੇ ਦੋ ਸਾਰਥਕ ਅਤੇ ਦੋ ਮਾੜੇ ਪ੍ਰਭਾਵਾਂ ਦਾ ਸੰਖੇਪ ਵਰਨਣ ਕਰੋ । 4

(ii) ਕੋਈ ਚਾਰ ਪੰਜਾਬੀ ਅਖ਼ਬਾਰਾਂ ਤੇ ਉਨ੍ਹਾਂ ਦੇ ਸੰਪਾਦਕਾ ਦੇ ਨਾਂ (ਜੋੜਿਆਂ ਵਿੱਚ) ਲਿਖੋ । 4

(iii) ਹੇਠ ਲਿਖਿਆਂ ਦੀ ਪਰਿਭਾਸ਼ਾ ਆਪਣੇ, ਸੰਖੇਪ ਸ਼ਬਦਾਂ ਵਿੱਚ ਦਿਓ :

(ੳ) ਬੌਟਮ (ਅ) ਬੈਨਰ (ੲ) ਡਮੀ (ੲ) ਆਈ ਬ੍ਰੋ 4

(iv) ਪੰਜਾਬ ਵਿੱਚ ਮੌਜੂਦਾ ਕਿਰਸਾਨੀ ਨੂੰ ਪੇਸ਼ ਕੋਈ ਚਾਰ ਔਕੜਾਂ ਸੰਖੇਪ 'ਚ ਲਿਖੋ । 4

(v) ਵੈਬ ਸਾਈਟ ਤੇ ਵੈਬ ਪੇਜ ਵਿੱਚ ਕੀ ਅੰਤਰ ਹੁੰਦਾ ਹੈ, ਸਪਸ਼ਟ ਕਰੋ । 4

(vi) ਪੱਤਰਕਾਰੀ ਜਾਬਤੇ ਦੀ ਹੱਦਬੰਦੀ ਕਰਨ ਵਾਲੇ ਕੋਈ ਚਾਰ ਭਾਰਤੀ ਕਾਨੂੰਨ ਕਿਹੜੇ ਹਨ, ਹਰ ਇੱਕ ਬਾਰੇ ਦੋ ਤਿੰਨ ਵਾਕਾਂ ਵਿੱਚ ਦੱਸੋ । 4

(vii) ਅਜਿਹੇ ਦੋ ਸੰਪਾਦਕਾਂ ਦੇ ਨਾਂ ਲਿਖੋ, ਜੋ ਇੱਕ ਤੋਂ ਵੱਧ ਪੰਜਾਬੀ ਅਖ਼ਬਾਰਾਂ ਦੇ ਸੰਪਾਦਕ ਰਹੇ, ਅਖ਼ਬਾਰਾਂ ਦੇ ਨਾਂ ਵੀ ਨਾਲ ਹੀ ਲਿਖੋ । 4

(viii) ਰੇਡੀਓ ਸੰਵਾਦਕਾਰ (ਐਂਕਰ, ਨਿਊਜ਼ ਰੀਡਰ) ਨੇ ਸੰਵਾਦ ਦੌਰਾਨ, ਆਮ ਸੰਵਾਦ ਨਾਲੋਂ ਵੱਖਰੀਆਂ ਕੀ ਸਾਵਧਾਨੀਆਂ ਵਰਤਣੀਆਂ ਹੁੰਦੀਆਂ ਹਨ, ਲਿਖੋ । 4

(ix) ਹੇਠ ਲਿਖੇ ਜੋੜਿਆਂ ਵਿੱਚੋਂ ਕਿਸੇ ਦੋ ਦੀ ਵਿਆਖਿਆ ਕਰੋ :

(ੳ) ਡਾਕੂਮੈਂਟਰੀ ਫ਼ਿਲਮ ਤੇ ਫੀਚਰ ਫ਼ਿਲਮ

(ਅ) ਪ੍ਰੈਸ ਕਾਨਫ਼ਰੰਸ ਤੇ ਮੀਟ ਦਿ ਪ੍ਰੈਸ ਪ੍ਰੋਗਰਾਮ

(ੲ) ਵੋਆਇਸ ਓਵਰ ਤੇ ਪਲੇਅ ਬੈਕ ਸਿੰਗਿੰਗ 4

## ਭਾਗ–IV

6×3=18

25. ਭਾਰਤੀ ਪਤੱਰਕਾਰੀ ਦੀ ਸ਼ੁਰੂਆਤ ਤੇ ਸਫ਼ਰ ਉਤੇ ਇੱਕ ਸੰਖੇਪ ਨੋਟ ਲਿਖ । 6

ਜਾਂ

ਪੰਜਾਬੀ ਫ਼ਿਲਮ 'ਦੇਸ ਹੋਇਆ ਪ੍ਰਦੇਸ' ਜਾਂ 'ਮੜ੍ਹੀ ਦਾ ਦੀਵਾ' ਦਾ ਕਥਾ ਸਾਰ ਲਿਖੋ । 6

26. ਹੇਠ ਲਿਖਿਆਂ ਵਿੱਚੋਂ ਕਿਸੇ ਤਿੰਨ ਉਤੇ ਨੋਟ ਲਿਖੋ :

(ੳ) ਵੱਟਸਐਪ (ਅ) ਗੂਗਲ (ੲ) ਫ਼ੇਸ ਬੁੱਕ (ੲ) ਟਵਿਟਰ 6

ਜਾਂ

ਹੇਠ ਲਿਖਿਆਂ ਵਿੱਚੋਂ ਕਿਸੇ ਤਿੰਨ ਉਤੇ ਨੋਟ ਲਿਖੋ :

(ੳ) ਸਟਿੰਗ ਅਪ੍ਰੇਸ਼ਰ (ਅ) ਟੀ. ਵੀ. ਡਿਬੇਟ (ੲ) ਸਟੌਪ ਪ੍ਰੈਸ (ੲ) ਈ-ਪੇਪਰ 6

27. ਅਖ਼ਬਾਰਾਂ ਜੱਗਬਾਣੀ, ਨਵਾਂ ਜ਼ਮਾਨਾ ਤੇ ਰੋਜ਼ਾਨਾ ਸਪੋਕਸਮੈਨ ਦੀ ਵਿਸ਼ਾ ਸਮੱਗਰੀ ਦੀ ਆਪਸੀ ਤੁਲਨਾ ਕਰੋ । 6

ਜਾਂ

ਰੇਡੀਓ ਤੇ ਟੀ. ਵੀ. ਸਕ੍ਰਿਪਟਾਂ ਵਿਚਲੇ ਆਪਸੀ ਅੰਤਰਾਂ ਦੀ ਚਰਚਾ ਕਰੋ । 6